StartingBlocks.gov.au

# ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਾਸਤੇ 'ਕੌਮੀ ਗੁਣਵੱਤਾ ਮਿਆਰ' (National Quality Standard) ਨੂੰ ਸਮਝਣਾ

**ਇਹ ਤੱਥਸ਼ੀਟ NQS ਦੇ ਗੁਣਵੱਤਾ ਵਾਲੇ ਖੇਤਰਾਂ (quality areas – QA) ਦਾ ਅਤੇ ਇਸ ਚੀਜ਼ ਦਾ ਵਰਣਨ ਕਰਦੀ ਹੈ ਕਿ ਇਹ ਕਿਸ ਤਰ੍ਹਾਂ ਲੰਬੀ ਦੈਨਿਕ ਸੰਭਾਲ, ਪਰਿਵਾਰਕ ਦੈਨਿਕ ਸੰਭਾਲ, ਪ੍ਰੀ-ਸਕੂਲ, ਕਿੰਡਰਗਾਰਟਨ, ਅਤੇ ਸਕੂਲੀ ਸਮੇਂ ਤੋਂ ਬਾਅਦ ਦੀਆਂ ਸੰਭਾਲ ਸੇਵਾਵਾਂ ਵਿਚਕਾਰ ਤੁਹਾਡੇ ਬੱਚੇ ਅਤੇ ਸਿੱਖਿਆ ਅਤੇ ਸੰਭਾਲ ਦੀ ਗੁਣਵੱਤਾ ਉੱਤੇ ਪ੍ਰਭਾਵ ਪਾਉਂਦੇ ਹਨ।**

ਕੌਮੀ ਗੁਣਵੱਤਾ ਮਿਆਰ (National Quality Standard – NQS) ਵਿੱਚ ਸੱਤ ਗੁਣਵੱਤਾ ਖੇਤਰ ਹਨ ਜੋ ਬੱਚਿਆਂ ਵਾਸਤੇ ਬਿਹਤਰ ਸਿਹਤ ਅਤੇ ਸਿੱਖਿਆ ਸਿੱਟਿਆਂ ਲਈ ਅਹਿਮ ਹਨ। ਹਰ ਪ੍ਰਾਂਤ/ਕੇਂਦਰੀ ਪ੍ਰਦੇਸ਼ ਵਿੱਚ ਅਧਿਨਿਯਮਕ ਅਥਾਰਟੀਆਂ ਦੁਆਰਾ NQS ਦੇ ਮੱਦੇ ਨਜ਼ਰ ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਸੰਭਾਲ ਸੇਵਾਵਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਦਰਜੇਬੰਦੀ ਦਿੱਤੀ ਜਾਂਦੀ ਹੈ।

## QA 1 – ਸਿੱਖਿਆ ਪ੍ਰੋਗਰਾਮ ਅਤੇ ਅਭਿਆਸ

ਸੇਵਾ ਵਿਖੇ ਹਰ ਬੱਚੇ ਦੇ ਸੱਭਿਆਚਾਰ, ਰੁਚੀਆਂ, ਯੋਗਤਾਵਾਂ ਅਤੇ ਲੋੜਾਂ ਦੇ ਆਧਾਰ 'ਤੇ, ਸਿੱਖਿਅਕ ਸਿੱਖਿਆ ਅਤੇ ਸੰਭਾਲ ਪ੍ਰੋਗਰਾਮਾਂ ਨੂੰ ਵਿਕਸਿਤ ਕਰਦੇ ਹਨ ਅਤੇ ਇਹਨਾਂ ਦੀ ਅਦਾਇਗੀ ਕਰਦੇ ਹਨ। ਤੁਹਾਡੇ ਬੱਚੇ ਦੀ ਸੇਵਾ ਵਿਚਲੇ ਪ੍ਰੋਗਰਾਮ ਨੂੰ ਤੁਹਾਡੇ ਬੱਚੇ ਦੀਆਂ ਰੁਚੀਆਂ ਦੀ ਝਲਕ ਦੇਣੀ ਚਾਹੀਦੀ ਹੈ, ਉਹਨਾਂ ਦੀਆਂ ਲੋੜਾਂ ਦੀ ਪੂਰਤੀ ਕਰਨੀ ਚਾਹੀਦੀ ਹੈ, ਅਤੇ ਉਹਨਾਂ ਦੀ ਸਿੱਖਿਆ ਵਿੱਚ ਪ੍ਰਗਤੀ ਦਾ ਸਹਿਯੋਗ ਕਰਨ ਲਈ ਸਮਾਂ ਪਾ ਕੇ ਆਪਣਾ ਰੂਪ ਬਦਲਣਾ ਚਾਹੀਦਾ ਹੈ।

ਉਹਨਾਂ ਦੇ ਵਿਲੱਖਣ ਹਾਲਾਤਾਂ ਦੇ ਫਿੱਟ ਬੈਠਣ ਲਈ ਹਰ ਸੇਵਾ ਵੱਖ-ਵੱਖ ਤਰੀਕਿਆਂ ਨਾਲ ਮਿਆਰ ਦੀ ਪੂਰਤੀ ਕਰੇਗੀ, ਪਰ ਕੁਝ ਗੁਣਵੱਤਾ ਵਾਲੇ ਸੂਚਕ ਹਨ ਜਿਨ੍ਹਾਂ ਵਾਸਤੇ ਤੁਸੀਂ ਤਲਾਸ਼ ਕਰ ਸਕਦੇ ਹੋ:

- ਹਰ ਬੱਚੇ ਨੂੰ ਆਪਣੀਆਂ ਵਿਸ਼ੇਸ਼ ਰੁਚੀਆਂ ਵਿਕਸਿਤ ਕਰਨ ਦਾ ਮੌਕਾ ਮਿਲਦਾ ਹੈ
- ਬੱਚਿਆਂ ਨੂੰ ਫੁਰਨੇ ਜ਼ਾਹਰ ਕਰਨ ਅਤੇ ਆਪਣੇ ਪ੍ਰੋਗਰਾਮ ਬਾਰੇ ਫੈਸਲਿਆਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ
- ਸਿੱਖਿਅਕ ਜਾਣਦੇ ਹਨ ਕਿ ਤੁਹਾਡਾ ਬੱਚਾ ਸਮਰੱਥ ਹੈ ਅਤੇ ਯੋਗ ਹੈ ਚਾਹੇ ਉਸ ਨੂੰ ਕੁਝ ਵਾਧੂ ਮਦਦ ਦੀ ਲੋੜ ਪੈਂਦੀ ਹੈ



- ਸੇਵਾ ਵਿੱਚ ਬੱਚਿਆਂ ਦੀ ਵਿਭਿੰਨਤਾ ਦੀ ਝਲਕ ਸਿੱਖਣ ਦੇ ਮੌਕਿਆਂ ਰਾਹੀਂ ਦਿੱਤੀ ਜਾਂਦੀ ਹੈ
- ਪ੍ਰੋਗਰਾਮ ਦੇ ਸਾਰੇ ਪੱਖ, ਜਿਨ੍ਹਾਂ ਵਿੱਚ ਨਿੱਤਨੇਮ ਵੀ ਸ਼ਾਮਲ ਹਨ, ਬੱਚਿਆਂ ਦੇ ਸਿੱਖਣ ਵਿੱਚ ਵਾਧਾ ਕਰਦੇ ਹਨ।

## QA 2 – ਬੱਚਿਆਂ ਦੀ ਸਿਹਤ ਅਤੇ ਸੁਰੱਖਿਆ

ਸਿਹਤਮੰਦ ਹੋਣਾ ਤੁਹਾਡੇ ਬੱਚੇ ਨੂੰ ਕਿਰਿਆਸ਼ੀਲ ਤਰੀਕੇ ਨਾਲ ਸਿੱਖਣ ਦੇ ਵਾਤਾਵਰਨ ਵਿੱਚ ਭਾਗ ਲੈਣ ਵਿੱਚ ਮਦਦ ਕਰਦਾ ਹੈ। ਸਿੱਖਿਅਕਾਂ ਅਤੇ ਹੋਰ ਅਮਲੇ ਨੂੰ ਤੁਹਾਡੇ ਬੱਚੇ ਨੂੰ ਨੁਕਸਾਨ ਅਤੇ ਜੋਖ਼ਮਾਂ, ਬਿਮਾਰੀਆਂ ਅਤੇ ਸੱਟਾਂ ਤੋਂ ਬਚਾਉਣ ਲਈ ਲਾਜ਼ਮੀ ਤੌਰ 'ਤੇ ਹਰ ਵਾਜਬ ਕਦਮ ਉਠਾਉਣਾ ਚਾਹੀਦਾ ਹੈ, ਅਤੇ ਬੱਚਿਆਂ ਦੀ ਸਾਰੇ ਸਮਿਆਂ 'ਤੇ ਉਚਿਤ ਨਿਗਰਾਨੀ ਕੀਤੀ ਜਾਣੀ ਲਾਜ਼ਮੀ ਹੈ।

ਤੁਹਾਡੇ ਬੱਚੇ ਨੂੰ ਸਰੀਰਕ ਤੌਰ 'ਤੇ ਕਿਰਿਆਸ਼ੀਲ ਹੋਣ ਅਤੇ ਨਵੀਆਂ ਮੁਹਾਰਤਾਂ ਦਾ ਅਭਿਆਸ ਕਰਨ ਲਈ ਇਮਾਰਤ ਦੇ ਅੰਦਰ ਵੀ ਅਤੇ ਬਾਹਰ ਵੀ ਦੋਨੋਂ ਥਾਂਵਾਂ 'ਤੇ ਰੋਜ਼ਾਨਾ ਮੌਕੇ ਦਿੱਤੇ ਜਾਣੇ ਚਾਹੀਦੇ ਹਨ।

QA 2 ਤੁਹਾਡੇ ਬੱਚੇ ਦੀ ਭਲਾਈ ਵਿੱਚ ਸਹਿਯੋਗ ਕਰਦਾ ਹੈ। ਜਦ ਬੱਚਿਆਂ ਵਿੱਚ ਭਲਾਈ ਦੀ ਠੋਸ ਸਮਝ ਹੁੰਦੀ ਹੈ, ਤਾਂ ਉਹ ਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਉਹਨਾਂ ਨੂੰ ਸਿੱਖਣ ਵਿੱਚ ਪੂਰੀ ਤਰ੍ਹਾਂ ਆਹਰੇ ਲਾਇਆ ਜਾ ਸਕਦਾ ਹੈ। ਤੁਹਾਡੇ ਬੱਚੇ ਦੀ ਉਮਰ 'ਤੇ ਨਿਰਭਰ ਕਰਨ ਅਨੁਸਾਰ, ਸਿੱਖਿਅਕ ਉਹਨਾਂ ਨੂੰ ਸਿਹਤਮੰਦ ਜੀਵਨਸ਼ੈਲੀਆਂ ਬਾਰੇ ਸਿੱਖਣ ਵਿੱਚ ਮਦਦ ਕਰਨਗੇ ਜਿਨ੍ਹਾਂ ਵਿੱਚ ਪੋਸ਼ਣ, ਸਾਫ਼-ਸਫ਼ਾਈ, ਸਰੀਰਕ ਫਿਟਨੈੱਸ, ਹਾਵ-ਭਾਵ ਅਤੇ ਸਮਾਜਕ ਰਿਸ਼ਤੇ ਵੀ ਸ਼ਾਮਲ ਹਨ।

ਕੁਝ ਕੁ ਗੁਣਵੱਤਾ ਸੂਚਕ ਜਿਨ੍ਹਾਂ 'ਤੇ ਤੁਸੀਂ ਝਾਤ ਪਾ ਸਕਦੇ ਹੋ, ਇਹ ਹਨ:

- ਸਿੱਖਿਅਕਾਂ ਦਾ ਬੱਚਿਆਂ ਨੂੰ ਭਲਾਈ ਅਤੇ ਆਰਾਮ ਪ੍ਰਦਾਨ ਕਰਾਉਣਾ ਉਦਾਹਰਨ ਲਈ ਨੀਂਦ, ਆਰਾਮ ਅਤੇ ਨਿੱਸਲਤਾ ਵਾਸਤੇ ਹਰ ਬੱਚੇ ਦੀ ਲੋੜ ਦੀ ਪੂਰਤੀ ਕਰਨ ਦੇ ਉਚਿਤ ਮੌਕੇ।
- ਸਿਹਤ ਸੰਬੰਧੀ ਰਵਾਇਤਾਂ ਅਤੇ ਪ੍ਰਕਿਰਿਆਵਾਂ ਬਾਰੇ ਪਰਿਵਾਰਾਂ ਨਾਲ ਸੰਚਾਰ ਕਰਨਾ, ਉਦਾਹਰਨ ਲਈ ਜੇ ਕੋਈ ਛੂਤਕਾਰੀ ਬਿਮਾਰੀ ਫੁੱਟ ਪੈਂਦੀ ਹੈ
- ਹਰ ਦਿਨ ਸਿੱਖਿਆ ਦੇ ਪ੍ਰੋਗਰਾਮ ਵਿੱਚ ਸਰੀਰਕ ਕਿਰਿਆ ਨੂੰ ਸ਼ਾਮਲ ਕੀਤਾ ਜਾਂਦਾ ਹੈ
- ਸਿਹਤਮੰਦ ਭੋਜਨ-ਸੂਚੀਆਂ
- ਬੱਚਿਆਂ ਨੂੰ ਆਪਣਾ ਦੁੱਧ ਪਿਲਾਉਣ ਵਾਲੀਆਂ ਮਾਂਵਾਂ ਵਾਸਤੇ ਸਹਾਇਤਾ।

## QA 3 – ਭੌਤਿਕ ਵਾਤਾਵਰਨ

ਹਰ ਬੱਚੇ ਨੂੰ ਸਿੱਖਣ, ਖੇਡਣ ਅਤੇ ਆਪਣੀਆਂ ਮੁਹਾਰਤਾਂ ਵਿਕਸਿਤ ਕਰਨ ਵਾਸਤੇ ਪਹੁੰਚਯੋਗ ਅਤੇ ਉਮਰ ਮੁਤਾਬਿਕ ਉਚਿਤ ਮੌਕੇ ਪ੍ਰਦਾਨ ਕਰਵਾਉਣ ਲਈ, ਸੇਵਾਵਾਂ ਨੂੰ ਆਪਣੇ ਅੰਦਰੂਨੀ ਅਤੇ ਬਾਹਰੀ ਸਥਾਨਾਂ ਨੂੰ ਵਿਉਂਤਣ ਦੀ ਲੋੜ ਹੁੰਦੀ ਹੈ। ਇਮਾਰਤ ਦੀ ਖਾਸ-ਮਕਸਦ ਨਾਲ ਬਣਾਈ ਹੋਣ ਦੀ ਲੋੜ ਨਹੀਂ ਹੁੰਦੀ, ਪਰ ਇਹ ਉਹਨਾਂ ਦੇ ਮਕਸਦ ਵਾਸਤੇ ਢੁਕਵੀਂ ਹੋਣੀ ਚਾਹੀਦੀ ਹੈ। ਇਹ ਯਕੀਨੀ ਬਣਾਉਂਦੇ ਹੋਏ ਕਿ ਵਾਤਾਵਰਨ ਵੀ ਸੁਰੱਖਿਅਤ ਹੈ, ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਫਰਨੀਚਰ ਅਤੇ ਸਾਜ਼ੋ-ਸਮਾਨ ਨੂੰ ਸਿਰਜਣਾਤਮਕ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ।

ਭੌਤਿਕ ਵਾਤਾਵਰਨ ਨੂੰ ਸ਼ਮੂਲੀਕਰਨ ਨੂੰ ਵਧਾਵਾ ਦੇਣ ਦੀ ਲੋੜ ਹੁੰਦੀ ਹੈ, ਤਾਂ ਜੋ ਹਰੇਕ ਬੱਚਾ ਖੇਡ ਅਤੇ ਸਿੱਖਣ ਵਿੱਚ ਭਾਗ ਲੈ ਸਕੇ। ਸਿੱਖਿਅਕ ਅਜਿਹੇ ਸਥਾਨਾਂ ਦੀ ਯੋਜਨਾ ਬਣਾਉਂਦੇ ਹਨ ਜੋ ਸਰੀਰਕ ਤੌਰ 'ਤੇ ਸਮਰੱਥ ਬਣਨ ਲਈ, ਆਪਣੇ ਵਾਤਾਵਰਨ ਦੀ ਸੁਤੰਤਰ ਤਰੀਕੇ ਨਾਲ ਪੜਚੋਲ ਕਰਨ ਲਈ, ਅਤੇ ਖੇਡ ਰਾਹੀਂ ਸਿੱਖਣ ਲਈ ਬੱਚਿਆਂ ਦੀ ਸਹਾਇਤਾ ਕਰਦੇ ਹਨ।

ਕੁਝ ਕੁ ਗੁਣਵੱਤਾ ਸੂਚਕ ਜਿਨ੍ਹਾਂ 'ਤੇ ਤੁਸੀਂ ਝਾਤ ਪਾ ਸਕਦੇ ਹੋ, ਇਹ ਹਨ:

- ਅੰਦਰੂਨੀ ਅਤੇ ਬਾਹਰੀ ਵਾਤਾਵਰਨਾਂ ਵਿੱਚ ਬੱਚਿਆਂ ਦਾ ਪੜਚੋਲ ਕਰਨਾ, ਪ੍ਰਯੋਗ ਕਰਨਾ ਅਤੇ ਸਿਰਜਣਾ ਕਰਨਾ
- ਕਮਰੇ ਅਤੇ ਖੇਡ ਸਥਾਨ ਜੋ ਸੁਰੱਖਿਅਤ ਹਨ ਅਤੇ ਵਧੀਆ ਹਾਲਤ ਵਿੱਚ ਹਨ
- ਸਾਰੇ ਬੱਚਿਆਂ ਵਾਸਤੇ ਉਚਿਤ ਸਮੱਗਰੀਆਂ ਅਤੇ ਸਿੱਖਣ ਦੇ ਸਰੋਤ।

## QA 4 – ਅਮਲਾ ਤੈਨਾਤ ਕਰਨ ਦੇ ਬੰਦੋਬਸਤ

ਤੁਹਾਡੀ ਸੇਵਾ ਵਿਖੇ ਸਿੱਖਿਅਕ ਅਤੇ ਅਮਲਾ ਤੁਹਾਡੇ ਬੱਚੇ ਦੇ ਸਿੱਖਣ ਅਤੇ ਵਿਕਾਸ ਵਿੱਚ ਅਤੀ ਜ਼ਰੂਰੀ ਭੂਮਿਕਾ ਅਦਾ ਕਰਦਾ ਹੈ। NQF ਦੀਆਂ ਸਿੱਖਿਅਕਾਂ ਦੀਆਂ ਯੋਗਤਾਵਾਂ ਵਾਸਤੇ ਲੋੜਾਂ ਹਨ।

ਸਿੱਖਿਅਕ ਅਤੇ ਬੱਚਿਆਂ ਦੇ ਅਨੁਪਾਤ ਵਾਸਤੇ ਕਾਨੂੰਨੀ ਲੋੜਾਂ ਸੁਰੱਖਿਆ ਵਾਸਤੇ ਉਚਿਤ ਨਿਗਰਾਨੀ, ਬੱਚਿਆਂ ਦੀ ਭਲਾਈ ਅਤੇ ਤੰਦਰੁਸਤੀ, ਜਿਸ ਵਿੱਚ ਬਾਹਰੀ ਫੇਰੀਆਂ ਵੀ ਸ਼ਾਮਲ ਹਨ, ਨੂੰ ਯਕੀਨੀ ਬਣਾਉਂਦੀਆਂ ਹਨ, ਅਤੇ ਹਰ ਬੱਚੇ ਦੇ ਸਿੱਖਣ ਅਤੇ ਵਿਕਾਸ ਸੰਬੰਧੀ ਲੋੜਾਂ ਦੀ ਪੂਰਤੀ ਕੀਤੇ ਜਾਣ ਨੂੰ ਯੋਗ ਬਣਾਉਂਦੀਆਂ ਹਨ। ਬੱਚਿਆਂ ਦੀ ਉਮਰ 'ਤੇ ਨਿਰਭਰ ਕਰਨ ਅਨੁਸਾਰ ਅਨੁਪਾਤ ਵੱਖ-ਵੱਖ ਹੁੰਦੇ ਹਨ, ਅਤੇ ਕਈ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੀਆਂ ਵੱਖ-ਵੱਖ ਲੋੜਾਂ ਹੁੰਦੀਆਂ ਹਨ।



ਕਿਸੇ ਸੇਵਾ ਦੀ ਗੁਣਵੱਤਾ ਵਿੱਚ ਉਸ ਸਮੇਂ ਵੀ ਸੁਧਾਰ ਹੁੰਦਾ ਹੈ ਜਦ ਅਮਲਾ ਖੁੱਲ੍ਹਾ ਅਤੇ ਪਾਰਦਰਸ਼ੀ ਸੰਚਾਰ ਕਰਦਾ ਹੈ।

ਕੁਝ ਕੁ ਗੁਣਵੱਤਾ ਸੂਚਕ ਜਿਨ੍ਹਾਂ 'ਤੇ ਤੁਸੀਂ ਝਾਤ ਪਾ ਸਕਦੇ ਹੋ, ਇਹ ਹਨ:

- ਢੁਕਵੀਂ ਯੋਗਤਾ ਪ੍ਰਾਪਤ ਅਤੇ ਤਜ਼ਰਬੇਕਾਰ ਸਿੱਖਿਅਕ, ਕੋਆਰਡੀਨੇਟਰ ਅਤੇ ਅਮਲੇ ਦੇ ਮੈਂਬਰ
- ਅਮਲਾ ਤੈਨਾਤ ਕਰਨ ਦੀਆਂ ਰਵਾਇਤਾਂ ਜੋ ਸੇਵਾ ਦੇ ਫਲਸਫੇ ਦੀ ਝਲਕ ਦਿੰਦੀਆਂ ਹਨ
- ਸਿੱਖਿਅਕਾਂ ਦਾ ਇੱਕ ਦੂਜੇ ਨਾਲ ਆਦਰ ਨਾਲ ਪੇਸ਼ ਆਉਣਾ, ਅਤੇ ਚੰਗੀ ਤਰ੍ਹਾਂ ਮਿਲਕੇ ਕੰਮ ਕਰਨਾ।

## QA 5 – ਬੱਚਿਆਂ ਨਾਲ ਰਿਸ਼ਤੇ

ਸਾਰੇ ਬੱਚਿਆਂ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਹੋਰ ਲੋਕ ਉਹਨਾਂ ਦੀ ਪਰਵਾਹ ਕਰਦੇ ਹਨ, ਅਤੇ ਜੋ ਕੁਝ ਉਹ ਕਰਦੇ ਹਨ, ਸੋਚਦੇ ਹਨ ਅਤੇ ਮਹਿਸੂਸ ਕਰਦੇ ਹਨ, ਉਸ ਵਿੱਚ ਰੁਚੀ ਰੱਖਦੇ ਹਨ। ਇਹ ਉਹਨਾਂ ਦੀ ਭਲਾਈ, ਸਿੱਖਿਆ ਅਤੇ ਵਿਕਾਸ ਵਾਸਤੇ ਅਤੀ ਜ਼ਰੂਰੀ ਹੈ।

ਬੱਚਿਆਂ ਦੀਆਂ ਲੋੜਾਂ ਅਤੇ ਵਿਚਾਰਾਂ ਪ੍ਰਤੀ ਉੱਤਰਦਾਈ ਅਤੇ ਆਦਰ-ਭਰਪੂਰ ਬਣਨ ਦੁਆਰਾ, ਸਿੱਖਿਅਕ ਹਰ ਬੱਚੇ ਨਾਲ ਉਸਾਰੂ ਰਿਸ਼ਤੇ ਵਿਕਸਿਤ ਕਰਨ ਲਈ ਜ਼ਿੰਮੇਵਾਰ ਹਨ। ਉਹਨਾਂ ਦੀਆਂ ਅੰਤਰਕਿਰਿਆਵਾਂ ਮਿਲਾਪੜੀਆਂ ਅਤੇ ਅਰਥਪੂਰਨ ਹੋਣੀਆਂ ਚਾਹੀਦੀਆਂ ਹਨ, ਅਤੇ ਇਹਨਾਂ ਨੂੰ ਵਿਸ਼ਵਾਸ ਅਤੇ ਸਵੈ-ਮਾਣ ਦਾ ਨਿਰਮਾਣ ਕਰਨਾ ਚਾਹੀਦਾ ਹੈ। ਟੀਚਾ ਇਹ ਹੈ ਕਿ ਤੁਹਾਡਾ ਬੱਚਾ ਸੁਰੱਖਿਅਤ, ਆਤਮ-ਵਿਸ਼ਵਾਸੀ ਅਤੇ ਸੰਮਿਲਤ ਹੋਣਾ ਮਹਿਸੂਸ ਕਰੇ।

ਇੱਕ ਦੂਜੇ ਨਾਲ ਠੋਸ ਉਸਾਰੂ ਰਿਸ਼ਤਿਆਂ ਦਾ ਨਿਰਮਾਣ ਕਰਨ ਲਈ ਬੱਚਿਆਂ ਦਾ ਸਹਿਯੋਗ ਕੀਤਾ ਜਾਵੇਗਾ। ਜਦ ਬੱਚੇ ਖੇਡਦੇ ਅਤੇ ਇਕੱਠਿਆਂ ਸਿੱਖਦੇ ਹਨ, ਤਾਂ ਉਹ ਸਮੱਸਿਆ ਹੱਲ ਕਰਨ, ਗੱਲਬਾਤ ਨਾਲ ਮਸਲੇ ਨਜਿੱਠਣ ਅਤੇ ਫੈਸਲਾ ਕਰਨ ਵਿੱਚ ਆਪਣੇ ਹੁਨਰਾਂ ਦਾ ਨਿਰਮਾਣ ਕਰ ਸਕਦੇ ਹਨ।

ਉਸਾਰੂ ਵਿਵਹਾਰ ਅਤੇ ਮਜ਼ਬੂਤ ਰਿਸ਼ਤਿਆਂ ਦੇ ਵਿਕਾਸ ਦਾ ਪ੍ਰਦਰਸ਼ਨ ਕਰਕੇ ਅਤੇ ਇਹਨਾਂ ਨੂੰ ਉਤਸ਼ਾਹਤ ਕਰਕੇ, ਤੁਹਾਡੇ ਬੱਚੇ ਦੇ ਸਿੱਖਿਅਕਾਂ ਨੂੰ ਬੱਚਿਆਂ ਵਾਸਤੇ ਰੋਲ ਮਾਡਲ ਬਣਨਾ ਚਾਹੀਦਾ ਹੈ।

ਕੁਝ ਕੁ ਗੁਣਵੱਤਾ ਸੂਚਕ ਜਿਨ੍ਹਾਂ 'ਤੇ ਤੁਸੀਂ ਝਾਤ ਪਾ ਸਕਦੇ ਹੋ, ਇਹ ਹਨ:

- ਇੱਕ ਮਹੌਲ ਜੋ ਆਮ ਤੌਰ 'ਤੇ ਸ਼ਾਂਤ ਅਤੇ ਖੁਸ਼ਗਵਾਰ ਹੈ
- ਬੱਚਿਆਂ ਵੱਲੋਂ ਦਿਆਲੂਪਣ ਅਤੇ ਤਰਸ ਦਾ ਵਿਖਾਵਾ ਕਰਨਾ
- ਸਿੱਖਿਅਕਾਂ ਅਤੇ ਬੱਚਿਆਂ ਦਾ ਵਾਸਤਵਿਕ ਅਤੇ ਅਰਥਪੂਰਨ ਵਾਰਤਾਲਾਪਾਂ ਵਿੱਚ ਆਹਰੇ ਲੱਗੇ ਹੋਣਾ।



## QA 6 – ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਸਹਿਯੋਗਕਾਰੀ ਭਾਈਵਾਲੀਆਂ

ਤੁਸੀਂ ਆਪਣੇ ਬੱਚੇ ਦੇ ਪਹਿਲੇ ਅਧਿਆਪਕ ਹੁੰਦੇ ਹੋ ਅਤੇ ਉਸ ਉੱਤੇ ਸਭ ਤੋਂ ਵੱਧ ਪ੍ਰਭਾਵ ਪਾਉਂਦੇ ਹੋ। ਖੋਜ ਦਿਖਾਉਂਦੀ ਹੈ ਕਿ ਬੱਚਿਆਂ ਨੂੰ ਮਿਲਣ ਵਾਲੀ ਸਿੱਖਿਆ ਅਤੇ ਦੇਖਭਾਲ ਦੀ ਗੁਣਵੱਤਾ ਵਿੱਚ ਉਸ ਸਮੇਂ ਵਾਧਾ ਹੁੰਦਾ ਹੈ ਜਦ ਪਰਿਵਾਰ ਅਤੇ ਸਿੱਖਿਅਕ ਆਦਰਪੂਰਨ, ਸਹਿਯੋਗਕਾਰੀ ਰਿਸ਼ਤੇ ਵਿਕਸਿਤ ਕਰਦੇ ਹਨ ਅਤੇ ਭਾਈਵਾਲੀ ਵਿੱਚ ਕੰਮ ਕਰਦੇ ਹਨ।

ਤੁਹਾਡੇ ਬੱਚੇ ਦੀ ਸੇਵਾ ਨੂੰ ਸਥਾਨਕ ਭਾਈਚਾਰੇ ਨਾਲ ਆਹਰੇ ਲੱਗਣ ਲਈ ਵੀ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਮੁਕਾਬਲਤਨ ਵਿਸ਼ਾਲ ਸੰਸਾਰ ਵਿੱਚ ਤੁਹਾਡੇ ਬੱਚੇ ਦੀ ਸੰਬੰਧਿਤਤਾ ਦੀ ਭਾਵਨਾ ਦਾ ਨਿਰਮਾਣ ਕੀਤਾ ਜਾ ਸਕੇ।

ਤੁਹਾਨੂੰ ਸਿੱਖਿਅਕਾਂ ਨੂੰ ਆਪਣੇ ਬੱਚੇ ਦੀਆਂ ਰੁਚੀਆਂ, ਮਜ਼ਬੂਤ ਪੱਖਾਂ ਅਤੇ ਯੋਗਤਾਵਾਂ ਬਾਰੇ ਦੱਸਣ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ, ਅਤੇ ਉਹਨਾਂ ਨੂੰ ਇਸ ਬਾਰੇ ਬਕਾਇਦਾ ਪ੍ਰਤੀਕਰਮ ਦੇਣਾ ਚਾਹੀਦਾ ਹੈ ਕਿ ਉਹਨਾਂ ਦਾ ਪ੍ਰੋਗਰਾਮ ਕਿੰਨ੍ਹੀ ਕੁ ਚੰਗੀ ਤਰ੍ਹਾਂ ਤੁਹਾਡੇ ਬੱਚੇ ਦੀਆਂ ਲੋੜਾਂ ਦੀ ਪੂਰਤੀ ਕਰ ਰਿਹਾ ਹੈ।

ਕੁਝ ਕੁ ਗੁਣਵੱਤਾ ਸੂਚਕ ਜਿਨ੍ਹਾਂ ’ਤੇ ਤੁਸੀਂ ਝਾਤ ਪਾ ਸਕਦੇ ਹੋ, ਇਹ ਹਨ:

- ਅਸਰਦਾਰ ਦਾਖਲਾ ਅਤੇ ਦਿਸ਼ਾਮਾਨ ਪ੍ਰਕਿਰਿਆਵਾਂ ਅਤੇ ਤਾਜ਼ਾ ਜਾਣਕਾਰੀ ਤੱਕ ਪਹੁੰਚ
- ਸਿੱਖਿਅਕਾਂ ਦਾ ਤੁਹਾਡੇ ਨਾਲ ਆਦਰਪੂਰਵਕ ਤਰੀਕੇ ਨਾਲ ਸੰਚਾਰ ਕਰਨਾ
- ਸਿੱਖਿਅਕਾਂ ਵੱਲੋਂ ਤੁਹਾਡੇ ਬੱਚੇ ਦੇ ਸਿੱਖਣ ਅਤੇ ਵਿਕਾਸ ਬਾਰੇ ਤੁਹਾਨੂੰ ਸੂਚਿਤ ਕਰਨਾ
- ਫੈਸਲਾ ਕਰਨ ਦੀ ਪ੍ਰਕਿਰਿਆ ਵਿੱਚ ਪਰਿਵਾਰਾਂ ਨੂੰ ਸ਼ਾਮਲ ਕੀਤੇ ਜਾਣਾ ਅਤੇ ਚਿੰਤਾਵਾਂ ਨੂੰ ਸੁਤੰਤਰ ਤਰੀਕੇ ਨਾਲ ਜ਼ਾਹਰ ਕਰਨ ਦੇ ਯੋਗ ਹੋਣਾ
- ਸਿੱਖਿਅਕਾਂ ਦਾ ਤੁਹਾਡੀ ਭੂਮਿਕਾ ਵਿੱਚ ਤੁਹਾਨੂੰ ਸਹਿਯੋਗ ਕਰਨਾ ਅਤੇ ਸ਼ਕਤੀ-ਸੰਪੰਨ ਬਣਾਉਣਾ।

## QA 7 – ਸਾਸ਼ਨ ਅਤੇ ਅਗਵਾਈ

ਅਸਰਦਾਰ ਅਗਵਾਈ ਅਤੇ ਸੇਵਾ ਪ੍ਰਬੰਧਨ, ਇੱਕ ਉਸਾਰੂ ਕਾਰਜ-ਸਥਾਨ ਸੱਭਿਆਚਾਰ ਅਤੇ ਬੱਚਿਆਂ ਵਾਸਤੇ ਇੱਕ ਸੁਰੱਖਿਅਤ ਅਤੇ ਸਿਹਤਮੰਦ ਸਿੱਖਣ ਦੇ ਵਾਤਾਵਰਨ ਵਿੱਚ ਯੋਗਦਾਨ ਪਾਉਂਦੇ ਹਨ। ਸੇਵਾ ਦੇ ਫਲਸਫੇ ਦੇ ਬਿਆਨ ਦੀ ਤਰਜ਼ ’ਤੇ, ਸਾਸ਼ਨ ਉਹਨਾਂ ਸਥਾਪਤ ਪ੍ਰਣਾਲੀਆਂ ਵੱਲ ਸੰਕੇਤ ਕਰਦਾ ਹੈ ਜੋ ਸੇਵਾ ਦੇ ਅਸਰਦਾਰ ਪ੍ਰਬੰਧਨ ਅਤੇ ਕਾਰਜ-ਸੰਚਾਲਨ ਵਿੱਚ ਸਹਾਇਤਾ ਕਰਦੀਆਂ ਹਨ।

ਬੱਚਿਆਂ ਅਤੇ ਪਰਿਵਾਰਾਂ ਵਾਸਤੇ ਸਰਵੋਤਮ ਸਿੱਟੇ ਹਾਸਲ ਕਰਨ ਲਈ, ਕਿਸੇ ਸੇਵਾ ਨੂੰ ਹੁਨਰਮੰਦ ਅਤੇ ਆਹਰੇ ਲੱਗੇ ਕਾਰਜ-ਬਲਾਂ, ਸੰਪੂਰਨ ਪ੍ਰਸਾਸ਼ਕੀ ਅਤੇ ਜੋਖ਼ਮ ਪ੍ਰਬੰਧਨ ਪ੍ਰਣਾਲੀਆਂ, ਚੰਗੀ ਤਰ੍ਹਾਂ ਦਸਤਾਵੇਜ਼ਬੱਧ ਨੀਤੀਆਂ ਅਤੇ ਪ੍ਰਕਿਰਿਆਵਾਂ, ਅਤੇ ਬੱਚਿਆਂ ਲਈ ਇੱਕ ਸੁਰੱਖਿਅਤ ਅਤੇ ਸਿਹਤਮੰਦ ਸਿੱਖਣ ਦੇ ਵਾਤਾਵਰਨ ਦੀ ਲੋੜ ਹੁੰਦੀ ਹੈ।

ਸਵੈ-ਮੁਲਾਂਕਣ, ਯੋਜਨਾਬੰਦੀ ਅਤੇ ਸਮੀਖਿਆ ਦੇ ਇੱਕ ਨਿਰੰਤਰ ਗੇੜ ਵਾਲੀ ਕੋਈ ਸੇਵਾ, ਜਿਸ ਵਿੱਚ ਪਰਿਵਾਰਾਂ ਨਾਲ ਰਲ ਕੇ ਕੰਮ ਕਰਨਾ ਵੀ ਸ਼ਾਮਲ ਹੈ, ਬੱਚਿਆਂ ਦੀ ਸਿੱਖਿਆ ਅਤੇ ਸੰਭਾਲ ਵਿੱਚ ਨਿਰੰਤਰ ਗੁਣਵੱਤਾ ਸੁਧਾਰ ਵਾਸਤੇ ਮਹੌਲ ਸਿਰਜਦੀ ਹੈ।

ਕੁਝ ਕੁ ਗੁਣਵੱਤਾ ਸੂਚਕ ਜਿਨ੍ਹਾਂ ’ਤੇ ਤੁਸੀਂ ਝਾਤ ਪਾ ਸਕਦੇ ਹੋ, ਇਹ ਹਨ:

- ਪ੍ਰਬੰਧ ਕਰਨ ਵਾਲਿਆਂ ਅਤੇ ਸਿੱਖਿਅਕਾਂ ਵਿਚਕਾਰ ਮਾਣ ਅਤੇ ਮੇਲਜੋਲ ਦੀ ਭਾਵਨਾ
- ਗੁਣਵੱਤਾ ਵਿੱਚ ਸੁਧਾਰ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਾਸਤੇ, ਜੋ ਤਾਜ਼ਾ ਹਨ ਅਤੇ ਪਰਿਵਾਰਾਂ ਵਾਸਤੇ ਉਪਲਬਧ ਹਨ, ਸੇਵਾਵਾਂ ਦੇ ਵਰਤਮਾਨ ਟੀਚਿਆਂ ਅਤੇ ਰਣਨੀਤੀਆਂ ਨਾਲ ਇੱਕ ਗੁਣਵੱਤਾ ਸੁਧਾਰ ਯੋਜਨਾ
- ਸੇਵਾ ਵਿਖੇ ਪ੍ਰਦਰਸ਼ਿਤ ਕੀਤੇ ਦਸਤਾਵੇਜ਼। ਉਦਾਹਰਨ ਲਈ: ਸੇਵਾ ਦੀ NQS ਦਰਜੇਬੰਦੀ, ਲਾਇਸੰਸ, ਨਾਮਜ਼ਦ ਸੁਪਰਵਾਈਜ਼ਰ ਕੌਣ ਹੈ ਅਤੇ ਕਿਸੇ ਕਿਸਮ ਦੀਆਂ ਛੋਟਾਂ ਕਿਹੜੀਆਂ ਹਨ
- ਸ਼ਿਕਾਇਤਾਂ ਪ੍ਰਤੀ ਤੁਰੰਤ ਅਤੇ ਅਸਰਦਾਰ ਹੁੰਗਾਰੇ।

### ਹੋਰ ਪੜ੍ਹੋ:

[ਕੌਮੀ ਗੁਣਵੱਤਾ ਢਾਂਚਾ (National Quality Framework) – ਇਹ ਮੇਰੀ ਕਿਵੇਂ ਮਦਦ ਕਰ ਸਕਦਾ ਹੈ?]